**ਸੰਗੀਤ (ਤਬਲਾ)**
**ਸ਼੍ਰੇਣੀ ਨੌਂਵੀਂ**
**ਪਾਠਕ੍ਰਮ ਲਿਖਤੀ**
**ਭਾਗ-ੳ**

1. ਹੇਠ ਲਿਖਿਆਂ ਦੀਆਂ ਉਦਾਹਰਨਾਂ ਸਹਿਤ ਪਰਿਭਾਸ਼ਾਵਾਂ ਅਤੇ ਜਾਣਕਾਰੀ :

(ੳ) ਸੰਗੀਤ, ਲੈਅ, ਮਾਤਰਾ, ਤਾਲ, ਵਿਭਾਗ, ਸਮ, ਤਾਲੀ, ਖਾਲੀ, ਲੱਗੀ, ਤਿਹਾਈ, ਪੜ੍ਹੰਤ, ਠੇਕਾ।

(ਅ) ਲੈਅ ਦੀਆਂ ਕਿਸਮਾਂ : ਵਿਲੰਬਤ, ਮੱਧ, ਦਰੁੱਤ

(ੲ) ਤਬਲਾ ਵਾਦਕ ਦੇ ਗੁਣ ਅਤੇ ਔਗੁਣ

(ਸ) ਤਬਲੇ ਦੀ ਜਾਣਕਾਰੀ

(ਹ) ਵਿਸ਼ਨੂ ਨਰਾਇਣ ਭਾਤਖੰਡੇ ਦੀ ਸੁਰਤਾਲ ਲਿਪੀ

(ਕ) ਜੀਵਨੀ : (1) ਉਸਤਾਦ ਮਲੰਗ ਖਾਂ ਤਬਲਾ ਵਾਦਕ

(2) ਉਸਤਾਦ ਅਯੋਧਿਆ ਪ੍ਰਸਾਦ ਪਖਾਵਜੀ

(ਖ) ਤਬਲੇ ਦੇ ਵਰਣ

**ਭਾਗ-ਅ**

1. ਪਾਠ-ਕ੍ਰਮ ਦੇ ਤਾਲਾਂ (ਕਹਿਰਵਾ, ਦਾਦਰਾ ਅਤੇ ਤਿੰਨਤਾਲ) ਦੀ ਜਾਣ ਪਛਾਣ।
2. ਪਾਠ-ਕ੍ਰਮ ਦੇ ਤਾਲਾ (ਕਹਿਰਵਾ, ਦਾਦਰਾ ਅਤੇ ਤਿੰਨਤਾਲ) ਦੀ ਇਕਗੁਣ ਅਤੇ ਦੁਗਣ ਸਹਿਤ ਤਾਲ ਲਿਪੀ।
3. ਪਾਠ-ਕ੍ਰਮ ਦੇ ਤਾਲਾਂ ਵਿਚ ਲਗੀਆਂ ਅਤੇ ਤਿਹਾਈਆਂ ਨੂੰ ਲਿਪੀ ਬੱਧ ਕਰਨਾ।
4. ਤਿੰਨਤਾਲ ਵਿੱਚ ਕਾਇਦਾ, ਪਲਟੇ, ਤਿਹਾਈ ਅਤੇ ਟੁਕੜੇ ਲਿਪੀ ਬੱਧ ਕਰਨਾ।

**ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਪ੍ਰਯੋਗੀ)**

**ਨੋਟ: ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋ ਵੱਧ ਵਿਦਿਆਰਥੀ ਨਹੀ ਹੋਣੇ ਚਾਹੀਦੇ। ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਦੇ ਪਾਠ-ਕ੍ਰਮ ਦਾ ਧਿਆਨ ਰੱਖਣ ਦੇ ਨਾਲ-ਨਾਲ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।**

1। ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਲ ਜਾਂ ਛੋਟੇ ਖਿਆਲ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।

2। ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਲ ਜਾਂ ਛੋਟੇ ਖਿਆਲ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।

3। ਪਾਠ-ਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।

4। ਦਿੱਤੀਆਂ ਸੁਰਸੰਗਤੀਆਂ ਤੋਂ ਪਾਠ-ਕ੍ਰਮ ਦੇ ਰਾਗਾਂ ਦੀ ਜਾਣ-ਪਛਾਣ ਕਰਨੀ। ਇਸ ਲਈ ਸਮਾਂ 4 ਮਿੰਟ ਹੋਣਗੇ।

5। ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।

## ਪਾਠ-ਕ੍ਰਮ (ਪ੍ਰਯੋਗੀ)

(ੳ) ਦਾਦਰਾ, ਤਿੰਨ ਤਾਲ ਅਤੇ ਕਹਿਰਵਾ ਤਾਲ ਨੂੰ ਇੱਕ ਗੁਣ ਅਤੇ ਦੁਗੱਣ ਸਹਿਤ ਵਜਾਉਣਾ।

(ਅ) ਦਾਦਰਾ, ਤਿੰਨ ਤਾਲ ਅਤੇ ਕਹਿਰਵਾ ਤਾਲ ਵਿੱਚ ਦੋ-ਦੋ ਲਗੀਆਂ ਤਿਹਾਈ ਸਹਿਤ ਵਜਾਉਣਾ।

(ੲ) ਦਾਦਰਾ, ਤਿੰਨ ਤਾਲ ਅਤੇ ਕਹਿਰਵਾ ਤਾਲ ਅਤੇ ਕਹਿਰਵਾ ਤਾਲ ਦੀ ਇੱਕ ਗੁਣ ਅਤੇ ਦੁਗੱਣ ਸਹਿਤ ਪੜ੍ਹੰਤ।

(ਸ) ਤਿੰਨਤਾਲ ਵਿੱਚ ਇਕ ਕਾਇਦਾ, ਦੋ ਪਲਟੇ, ਤਿਹਾਈ ਅਤੇ ਦੋ ਟੁਕੜੇ ਵਜਾਉਣ ਦਾ ਅਭਿਆਸ।

(ਹ) ਦਸ ਵਰਨਾਂ ਦੀ ਵਾਦਨ ਵਿਧੀ।

(ਕ) ਉਪਰੋਕਤ ਤਾਲਾਂ ਦੀ ਗਾਇਨ/ਵਾਦਨ ਨਾਲ ਸੰਗਤ ਕਰਨ ਦੀ ਯੋਗਤਾ।